ਵੱਲੋ,

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।

ਵੱਲ

Principal,
S.T Carmel School
Vill. Katli, Ropar

ਮੀਮੋ ਨੰ: 1583 ਮਿਤੀ: 23/9/19

**ਵਿਸ਼ਾ:-** **ਸਾਲ 2019-2020 ਤੋ 2023-2024 ਤੱਕ 5 ਸਾਲ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

**ਹਵਾਲਾ:-** ਆਪ ਜੀ ਦਾ ਪੱਤਰ ਨੰਬਰ SCS/030/2019-20 ਮਿਤੀ 14-09-2019

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਨਿਮਨਹਸਤਾਖਰ ਵਲੋ ਸਕੂਲ ਦੀ ਬਿਲਡਿੰਗ ਦਾ ਮਿਤੀ 20-09-2019 ਨੂੰ ਨਿਰੀਖਣ ਕੀਤਾ ਗਿਆ ਅਤੇ ਪਾਇਆ ਗਿਆ ਕਿ ਸਕੂਲ ਦੀ **ਬਿਲਡਿੰਗ ਜੋ ਕਿ ਸਾਲ 2005 ਦੀ** ਬਣੀ ਹੋਈ ਹੈ ਸੁਰੱਖਿਅਤ ਅਤੇ ਵਰਤਣ ਯੋਗ ਹੈ। ਸਰਕਾਰ ਵਲੋ ਮਿਤੀ 10-08-2018 ਨੂੰ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਆਪ ਵਲੋ ਇੰਸਪੈਕਸਨ ਫੀਸ ਚੈੱਕ ਨੰ: 209053 ਮਿਤੀ 18-09-2019 ਰਾਹੀਂ ਬਾਬਤ 50,000/- ਰੁਪਏ 5 (ਪੰਜ) ਸਾਲ ਲਈ ਜਮ੍ਹਾਂ ਕਰਵਾਉਣ ਉਪਰੰਤ ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ **2019-2020 ਤੋ 2023-2024** ਤੱਕ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

1. ਨਿਰੀਖਣ ਤੋਂ ਬਾਅਦ ਜੇਕਰ ਆਪ ਵੱਲੋ ਦਰਸਾਈ ਗਈ ਬਿਲਡਿੰਗ ਵਿਚ ਕੋਈ ਵੀ ਵਾਧਾ/ਬਦਲਾਵ ਕੀਤਾ ਜਾਂਦਾ ਹੈ ਤਾਂ ਉਹ ਕਿਸੇ ਮਾਨਤਾ ਪ੍ਰਾਪਤ ਇੰਜੀਨੀਅਰ ਦੀ ਨਿਗਰਾਨੀ ਵਿੱਚ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸੰਬਧੀ ਮਾਨਤਾ ਪ੍ਰਾਪਤ ਸਟੱਰਕਚਲ ਇੰਜੀਨੀਅਰ ਤੋਂ ਦੁਬਾਰਾ ਪ੍ਰਵਾਨਗੀ ਲੈਣ ਉਪਰੰਤ ਇਸ ਦਫਤਰ ਤੋਂ ਦਰਸਾਈਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਦੁਬਾਰਾ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਵਾਇਆ ਜਾਵੇ।
2. ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਆਪ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।
3. ਸਿੱਖਿਆ ਵਿਭਾਗ ਵਲੋ ਜੇਕਰ ਮੰਨਜੂਰੀ ਜਾਰੀ ਨਹੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਸਰਟੀਫਿਕੇਟ ਦੀ ਜਾਰੀ ਮੰਨਜੂਰੀ ਰੱਦ ਸਮਝੀ ਜਾਵੇਗੀ।
4. ਸਬੰਧਤ ਅਥਾਰਟੀ ਤੋ ਸੀ.ਐਲ.ਯੂ ਦੀ ਪ੍ਰਾਪਤੀ ਸਬੰਧਤ ਵਲੋ ਆਪਣੇ ਪੱਧਰ ਤੇ ਲਈ ਜਾਵੇਗੀ।

ਉਪਰੋਕਤ ਸਰਤਾਂ ਅਨੁਸਾਰ ਆਪ ਨੂੰ ਸਾਲ **2019-2020 ਤੋ 2023-2024 ਤੱਕ 5** ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਨੱਥੀ/

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋ:ਨਿ:ਵਿ: ਭਤੇਮ ਸ਼ਾਖਾ, ਰੂਪਨਗਰ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰਬਰ 8336 ਮਿਤੀ 16-09-2019 ਦੇ ਸਬੰਧ ਵਿੱਚ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/×

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।

Scanned with CamScanner